unitedsikhs-asia@unitedsikhs.org
Tel: 0091 (0) 95 606 45010
unitedsikhs-uk@unitedsikhs.org
Tel: (0044) (0) 870 1993328
unitedsikhs-france@unitedsikhs.org
Tel: 00 336 16 17 62 05
unitedsikhs-usa@unitedsikhs.org
Tel: 1-888-243-1690
unitedsikhs-canada@unitedsikhs.org
Tel: 1-905-672-2245
unitedsikhs-my@unitedsikhs.org
Tel: +6 012-2155966
unitedsikhs-kenya@unitedsikhs.org
Tel: +254 720 402727

unitedsikhs-aus@unitedsikhs.org
Tel: +61 3 9005 1894
unitedsikhs- ireland@unitedsikhs.org
Tel: +353 (0) 85 729 4425
unitedsikhs- belgium@unitedsikhs.org
Tel: (0032) 485 825 492

UNITED SIKHS
*Recognise the Human Race as One*

www.unitedsikhs.org
contact@unitedsikhs.org

*To transform underprivileged and minority communities and individuals into informed and vibrant members of society through civic, educational and personal development programmes.*

# ਯੂਨਾਈਟਡ ਸਿੱਖਸ ਨੇ 'ਤਾਲਿਬਾਨ' ਦੇ ਪੀੜ੍ਹਤਾਂ (ਸਿੱਖ ਮਾਂ ਅਤੇ ਧੀ) ਨੂੰ ਕੈਨੇਡਾ ਵਿਚ ਸ਼ਰਣ ਲੱਭਣ ਵਿਚ ਮਦਦ ਕੀਤੀ

**ਇਸ ਈਮੇਲ ਨੂੰ ਦੇਖਣ ਵਿਚ ਮੁਸ਼ਕਲ ਆ ਰਹੀ ਹੈ?** ਇਸ ਨੂੰ ਸਾਡੀ ਵੈਬਸਾਈਟ ਤੇ ਦੇਖੋ

*''ਅਸੀਂ ਇਸ ਲਈ ਬਹੁਤ ਖੁਸ਼ ਹਾਂ ਕਿ ਕੈਨੇਡੀਅਨ ਸਰਕਾਰ ਅਤੇ ਲੋਕਾਂ ਦੇ ਖੁੱਲੇ ਦਿਲਾਂ ਅਤੇ ਦਿਮਾਗਾਂ ਨੇ ਹਰਿੰਦਰ ਕੌਰ ਅਤੇ ਉਸਦੀ ਧੀ ਨੂੰ ਉਨ੍ਹਾਂ ਦੁਆਰਾ ਪਾਕਿਸਤਾਨ ਵਿਚ ਸ਼ਰਣਾਰਥੀਆਂ ਵੱਜੋਂ ਬਹਾਦਰੀ ਵਾਲੀ ਅਤੇ ਇਕੱਲੇ ਲੜੀ ਲੜਾਈ ਲੜਨ ਦੇ ਬਾਅਦ ਇੱਥੇ ਨਵੀਂ ਜ਼ਿੰਦਗੀ ਦਿੱਤੀ ਹੈ।'' ਯੂਨਾਇਟਡ ਸਿੱਖਸ ਦੇ ਡਾਇਰੈਕਟਰ ਰਣਬੀਰ ਸਿੰਘ ਜੋ ਸਿੱਖ ਮਾਤਾ ਅਤੇ ਉਸਦੀ ਧੀ ਨੂੰ ਕੈਨੇਡਾ ਪਹੁੰਚਣ ਤੇ ਮਿਲੇ, ਨੇ ਕਿਹਾ।*

**ਵਿਨੀਪੈਗ, ਕੈਨੇਡਾ – 6 ਅਕਤੂਬਰ** 2010 – ਇਕ ਸਿੱਖ ਬੀਬੀ ਅਤੇ ਉਸਦੀ ਧੀ ਪਿਛਲੇ ਹਫ਼ਤੇ ਵਿਨੀਪੈਗ ਹਵਾਈ ਰਸਤੇ ਰਾਹੀਂ ਪਹੁੰਚੇ, ਜਿਸਦੇ ਪਤੀ ਦੋ ਸਾਲ ਪਹਿਲਾਂ ਪੇਸ਼ਾਵਰ ਦੇ ਨਜ਼ਦੀਕ ਸ਼ੱਕੀ ਤਾਲਿਬਾਨ ਸਮੂਹ ਦੁਆਰਾ ਜ਼ਾਲਮਾਨਾ ਤਰੀਕੇ ਨਾਲ ਮਾਰੇ ਜਾਣ ਦੇ ਬਾਅਦ।

ਉਨ੍ਹਾਂ ਦੇ ਪਰਿਵਾਰ ਦੇ ਮੁਖੀ, ਬਲਵੰਤ ਸਿੰਘ ਦਾ ਜ਼ਾਲਮਾਨਾ ਤਰੀਕੇ ਨਾਲ ਸਿਰ ਕਲਮ ਕਰ ਦਿੱਤੇ ਜਾਣ ਦੇ ਬਾਅਦ ਇਸ ਜੋੜੇ ਨੂੰ ਕੈਨੇਡੀਅਨ ਸਰਕਾਰ ਦੁਆਰਾ ਸ਼ਰਣ ਦਿੱਤੀ ਗਈ ਸੀ। ਯੂਨਾਇਟਡ ਸਿੱਖਸ ਨੇ ਹਰਿੰਦਰ ਕੌਰ 42, ਅਤੇ ਉਸਦੀ ਧੀ ਇਲਮਿਦ ਕੌਰ 14, ਨੂੰ ਉਸ ਸਮੇਂ ਤੋਂ ਮਦਦ ਮੁਹੱਈਆ ਕਰਵਾਈ ਹੈ, ਜਦੋਂ ਤੋਂ ਅਸੀਂ ਉਨ੍ਹਾਂ ਦਾ ਪਾਕਿਸਤਾਨ ਵਿਚ ਗੁਰੂਦੁਆਰਾ ਪੰਜਾ ਸਾਹਿਬ ਵਿਚ ਅੰਦਰੂਨੀ ਰੂਪ ਵਿਚ ਵਿਸਥਾਪਤ ਵਿਅਕਤੀਆਂ (Internally Displaced Persons, IDPs) ਵਿਚ ਪਤਾ ਲਗਾਇਆ ਹੈ।

23 ਨਵੰਬਰ 2008 ਨੂੰ ਇਕ ਅਤਿਵਾਦੀ ਸਮੂਹ, ਜੋ ਤਾਲਿਬਾਨੀ ਮੰਨਿਆ ਜਾਂਦਾ ਹੈ, ਨੇ ਬਲਵੰਤ ਸਿੰਘ ਨੂੰ ਪਾਕਿਸਤਾਨ ਦੇ ਨਾਰਥ ਵੈਸਟ ਫਰੰਟੀਅਰ ਪ੍ਰੋਵਿੰਸ (ਹੁਣ ਖੈਬਰ ਪਖਤੂਨਖਵਾ) ਪੇਸ਼ਾਵਰ ਦੇ ਨਜ਼ਦੀਕ ਉਸਦੀ ਦੁਕਾਨ ਤੋਂ ਅਗਵਾ ਕਰ ਲਿਆ ਗਿਆ। ਉਨ੍ਹਾਂ ਨੇ ਉਸਦਾ ਸਿਰ ਕਲਮ ਕਰਨ ਤੋਂ ਪਹਿਲਾਂ ਉਸਨੂੰ ਬੰਧਕ ਬਣਾ ਕੇ ਰੱਖਿਆ ਅਤੇ ਦੋ ਦਿਨਾਂ ਦੇ ਬਾਅਦ 20 ਕਿ.ਮੀ. ਦੂਰ ਉਸਦਾ ਸਰੀਰ ਮਿਲਿਆ। ਉਨ੍ਹਾਂ ਨੇ ਹਰਿੰਦਰ ਕੌਰ ਅਤੇ ਉਸਦੀ ਬੇਟੀ ਨੂੰ ਇਕੱਲਿਆ ਅਤੇ ਬੇਚਾਰਗੀ ਵਿਚ ਛੱਡ ਦਿੱਤਾ ਅਤੇ ਉਨ੍ਹਾਂ ਦੋਵਾਂ ਨੇ 125 ਕਿ.ਮੀ. ਦੂਰ ਪੰਜਾ ਸਾਹਿਬ ਗੁਰੂਦੁਆਰੇ ਦੇ ਵਿਚ ਸ਼ਰਣ ਲੈ ਲਈ।



ਵਿਨੀਪੈਗ ਵਿਚ ਸਿੱਖ ਭਾਈਚਾਰੇ ਦੇ ਮੁਖੀ, ਹਰਿੰਦਰ ਕੌਰ ਅਤੇ ਇਲਮਿਦ ਕੌਰ ਨੂੰ ਮਿਲ ਰਹੇ ਹਨਃ ਪਹਿਲੀ ਕਤਾਰ ਵਿਚ ਖੱਬਿਓ ਸੱਜੇ ਹਨਃ ਗਿਆਨੀ ਕੇਵਲ ਸਿੰਘ, ਪ੍ਰਧਾਨ ਖਾਲਸਾ ਦੀਵਾਨ ਸੁਸਾਇਟੀ ਆਫ਼ ਮੈਨੀਟੋਬਾ, ਅਜ਼ੀਜ਼ਾ ਫਿਰਦੋਸੀ, ਰਿਸੈਟਲਮੈਂਟ ਕਾਉਂਸਲਰ, ਇਲਮਿਦ ਕੌਰ, ਹਰਿੰਦਰ ਕੌਰ ਅਤੇ ਰਣਬੀਰ ਸਿੰਘ (ਯੁਨਾਈਟਡ ਸਿੱਖ ਡਾਇਰੈਕਟਰ), ਪਿੱਛੇ ਵਾਲੀ ਕਤਾਰ, ਖੱਬੇ ਤੋਂ ਸੱਜੇਃ ਜਸਵੰਤ ਸਿੰਘ, ਗੁਰਪ੍ਰੀਤ ਕੌਰ, ਦਿਲਬਾਗ ਸਿੰਘ ਅਤੇ ਅਰਵਿੰਦਰ ਕੌਰ




ਹਰਿੰਦਰ ਕੌਰ ਅਤੇ ਇਲਮਿਦ ਕੌਰ ਦਾ ਮੈਨੀਟੋਬਾ ਦੇ ਡਿਪਟੀ ਪ੍ਰੀਮੀਅਰ, ਮਾਨਯੋਗ ਐਰਿਕ ਰਾਬਿਨਸਨ ਦੁਆਰਾ ਸਨਮਾਨ ਕੀਤਾ ਜਾ ਰਿਹਾ ਹੈ। ਖੱਬਿਓ ਸੱਜੇਃ ਗਿਆਨੀ ਕੇਵਲ ਸਿੰਘ, ਸ਼੍ਰੀਮਾਨ ਕੇਵਿਨ (ਮਾਈਕਰੋਫ਼ੋਨ ਦੇ ਨਾਲ) ਡਿਪਟੀ ਪ੍ਰੀਮੀਅਰ, ਮਾਣਯੋਗ ਐਰਿਕ ਰਾਬਿਨਸਨ, ਹਰਿੰਦਰ ਕੌਰ, ਇਲਮਿਦ ਕੌਰ, ਮੇਅਰ ਪਦ ਦੇ ਦਾਅਵੇਦਾਰ, ਜੂਡੀ.ਡਬਲਿਯੂ ਲੀਸ ਅਤੇ ਸਥਾਨਕ ਐਮ.ਐਲ.ਏ, ਸ਼੍ਰੀਮਾਨ ਮੋਹਿੰਦਰ ਸਰਾਨ

ਜੁਲਾਈ 2009 ਦੇ ਵਿਚ, **ਯੂਨਾਈਟਡ ਸਿੱਖ ਏਡ** ਸਵੈ ਸੇਵੀਆਂ ਨੇ, ਜੋ ਕਿ ਪਾਕਿਸਤਾਨ ਦੀ ਆਈ ਡੀ ਪੀ (IDP) ਸਮੱਸਿਆ ਦੇ ਦੌਰਾਨ ਪਾਕਿਸਤਾਨ ਵਿਚ ਸਨ, ਨੇ ਹਰਿੰਦਰ ਕੌਰ ਦੀ ਦੁਰਦਸ਼ਾ ਅਤੇ ਇਹ ਕਿ ਪਰਿਵਾਰ ਵਿਚ ਉਨ੍ਹਾਂ ਦਾ ਕੋਈ ਹੋਰ ਨਹੀਂ ਹੈ ਅਤੇ ਉਹ ਯੂਨਾਈਟਡ ਕਿੰਗਡਮ ਦੇ ਵਿਚ ਆਪਣੇ ਹੋਰ ਪਰਿਵਾਰ ਮੈਂਬਰਾਂ ਦੇ ਨਾਲ ਰਹਿਣਾ ਚਾਹੁੰਦੇ ਹਨ, ਬਾਰੇ ਸੁਣਿਆ ।

ਲੰਡਨ ਵਿਚ ਅਧਾਰਤ **ਯੂਨਾਈਟਡ ਸਿੱਖਸ** ਦੀ ਕਾਨੂੰਨੀ ਡਾਇਰੈਕਟਰ ਮੇਜਿੰਦਰਪਾਲ ਕੌਰ ਜਿਸਨੇ ਸ਼ਰਣ ਦੇ ਕੇਸ ਵਿਚ ਕੇਸ ਵਰਕਰਾਂ ਅਤੇ ਵਕੀਲਾਂ ਦੀ ਅਗਵਾਈ ਕੀਤੀ ਸੀ, ਨੇ ਕਿਹਾ ''ਸਾਡੇ ਮਾਨਵੀ ਰਾਹਤ ਸਵੈਸੇਵੀਆਂ ਨੇ ਹਰਿੰਦਰ ਕੌਰ ਦੇ ਪਰਿਵਾਰ ਦੇ ਨਾਲ ਸੰਪਰਕ ਕਰਨ ਲਈ ਅਤੇ ਉਨ੍ਹਾਂ ਦੀ ਸ਼ਰਣ ਦੀ ਦਰਖ਼ਾਸਤ ਦੇ ਲਈ ਸਹਾਇਤਾ ਮੁਹੱਈਆ ਕਰਵਾਉਣ ਦੇ ਲਈ ਯੂ ਕੇ (UK) ਵਿਚਲੀ ਸਾਡੀ ਵਕਾਲਤ ਕਰਨ ਵਾਲੀ ਟੀਮ ਨਾਲ ਸੰਪਰਕ ਕੀਤਾ''

ਉਸ ਨੇ ਨਾਲ ਹੀ ਕਿਹਾ, ''ਅਸੀਂ ਯੂ ਐਨ ਐਚ ਸੀ ਆਰ (UNHCR) (*ਯੂਨਾਈਟਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਿਫਊਜੀ*) ਜੋ ਕਿ ਉਨ੍ਹਾਂ ਦੀ ਸ਼ਰਣ ਦੀ ਦਰਖ਼ਾਸਤ ਨੂੰ ਦੇਖ ਰਹੇ ਸਨ, ਨੂੰ ਉਨ੍ਹਾਂ ਦੋਵਾਂ ਨੂੰ ਯੂ ਕੇ ਵਿਚਲੇ ਉਨ੍ਹਾਂ ਦੇ ਪਰਿਵਾਰ ਦੇ ਨਾਲ ਜੋੜਨ ਦੀ ਬੇਨਤੀ ਕੀਤੀ ਪਰ ਸਾਨੂੰ ਦੱਸਿਆ ਗਿਆ ਸੀ ਕਿ ਕੈਨੇਡਾ ਵਿਚ ਸ਼ਰਣ ਪ੍ਰਾਪਤ ਕਰਨ ਦੀ ਉਨ੍ਹਾਂ ਦੀ ਸੰਭਾਵਨਾ ਵੱਧ ਹੈ। ਅਸੀਂ ਇਸ ਲਈ ਉਨ੍ਹਾਂ ਦੇ ਯੂ ਕੇ (UK) ਵਿਚਲੇ ਪਰਿਵਾਰ ਤੋਂ ਸਹਾਇਕ ਸਬੂਤ ਪ੍ਰਾਪਤ ਕੀਤੇ ਜਿਨ੍ਹਾਂ ਨੂੰ ਅਸੀਂ ਯੂ ਐਨ ਐਚ ਸੀ ਆਰ (UNHCR) ਕੋਲ ਜਮ੍ਹਾਂ ਕਰਵਾਇਆ।''

ਹਰਿੰਦਰ ਕੌਰ ਅਤੇ ਇਲਮਿਦ ਕੌਰ ਦੇ ਵਿਨੀਪੈਗ ਪਹੁੰਚਣ ਦੇ ਜਲਦੀ ਬਾਅਦ ਹੀ ਵਿਨੀਪੈਗ ਦੇ ਮੇਅਰ ਪਦ ਦੇ ਦਾਅਵੇਦਾਰ, ਜੂਡੀ. ਡਬਲਿਯੂ ਲੀਸ ਦੇ ਲਈ ਇਕ ਫੰਡ ਇਕੱਠਾ ਕਰਨ ਵਾਲੇ ਰਾਤ ਦੇ ਖਾਣ ਵਿਚ ਮੈਨੀਟੋਬਾ ਦੇ ਡਿਪਟੀ ਪ੍ਰੀਮੀਅਰ, ਮਾਣਯੋਗ ਐਰਿਕ ਰਾਬਿਨਸਨ ਦੁਆਰਾ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਸੀ। ਮੈਨੀਟੋਬਾ ਦੀ ਸਿੱਖ ਸੁਸਾਇਟੀ ਵੱਲੋਂ ਕਰਵਾਏ ਗਏ ਇਕ ਸਮਾਗਮ ਵਿਚ, ਉਨ੍ਹਾਂ ਨੇ, ਰਾਗੀ ਨਿਰਮਲ ਸਿੰਘ ਖਾਲਸਾ, ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਸਿਰੋਪੇ (ਸਨਮਾਨ ਦਾ ਕੱਪੜਾ) ਪ੍ਰਾਪਤ ਕੀਤੇ। ਇਸ ਸਮਾਗਮ ਵਿਚ ਵਿਨੀਪੈਗ ਦੇ ਸਾਰੇ ਅੱਠ ਗੁਰੂਦੁਆਰਿਆਂ ਦੇ ਪ੍ਰਬੰਧਕਾਂ ਦੁਆਰਾ ਭਾਗ ਲਿਆ ਗਿਆ ਸੀ, ਜੋ ਉਨ੍ਹਾਂ ਨੂੰ ਸੰਗਤ ਨੂੰ ਮਿਲਾਉਣ ਲਈ ਇੱਕਠੇ ਹੋਏ ਸਨ।

ਜਦੋਂ ਉਹ ਪਿਛਲੇ ਹਫ਼ਤੇ ਕੈਨੇਡਾ ਵਿਚ ਹਵਾਈ ਰਸਤੇ ਰਾਹੀਂ ਪਹੁੰਚੇ, ਤਾਂ ਯੂਨਾਈਟਡ ਸਿੱਖਸ ਦੇ ਟੋਰੋਟੋਂ ਅਧਾਰਿਤ ਡਾਇਰੈਕਟਰ ਰਣਬੀਰ ਸਿੰਘ ਉਨ੍ਹਾਂ ਨੂੰ ਵਿਨੀਪੈਗ ਵਿਚ ਮਿਲੇ, ਜਿੱਥੇ ਉਨ੍ਹਾਂ ਨੇ ਵਿਨੀਪੈਗ ਦੇ ਸਿੱਖ ਭਾਈਚਾਰੇ ਦੁਆਰਾ ਉਨ੍ਹਾਂ ਦਾ ਨਿੱਘਾ ਸੁਆਗਤ ਕੀਤੇ ਜਾਣ ਦੇ ਲਈ ਪ੍ਰਬੰਧ ਕੀਤੇ ਸਨ।

''ਅਸੀਂ ਇਸ ਲਈ ਬਹੁਤ ਖੁਸ਼ ਹਾਂ ਕਿ ਕੈਨੇਡੀਅਨ ਸਰਕਾਰ ਅਤੇ ਲੋਕਾਂ ਦੇ ਖੁੱਲੇ ਦਿਲਾਂ ਅਤੇ ਦਿਮਾਗਾਂ ਨੇ ਹਰਿੰਦਰ ਕੌਰ ਅਤੇ ਉਸਦੀ ਧੀ ਨੂੰ ਉਨ੍ਹਾਂ ਦੁਆਰਾ ਪਾਕਿਸਤਾਨ ਵਿਚ ਸ਼ਰਣਾਰਥੀਆਂ ਵੱਜੋਂ ਬਹਾਦਰੀ ਵਾਲੀ ਅਤੇ ਇਕੱਲੇ ਲੜੀ ਲੜਾਈ ਲੜਨ ਦੇ ਬਾਅਦ ਇੱਥੇ ਨਵੀਂ ਜ਼ਿੰਦਗੀ ਦਿੱਤੀ ਹੈ।'' ਰਣਬੀਰ ਸਿੰਘ ਨੇ ਕਿਹਾ।

ਨਾਲ ਹੀ ਉਨ੍ਹਾਂ ਨੇ ਕਿਹਾ ''ਜਦੋਂ ਅਸੀਂ ਵਿਨੀਪੈਗ ਹਵਾਈ ਅੱਡੇ ਤੇ ਪਹੁੰਚੇ, ਤਾਂ ਭਾਈਚਾਰੇ ਦੇ ਮੁਖੀਆਂ, ਗਿਆਨੀ ਕੇਵਲ ਸਿੰਘ ਅਤੇ ਦਰਸ਼ਨ ਸਿੰਘ ਬਰਾੜ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਸਾਨੂੰ ਜੀ ਆਇਆਂ ਕਿਹਾ। ਇਹ ਦੋਵਾਂ ਦੇ ਲਈ ਗਤੀਵਿਧੀਆਂ ਦੀ ਕਾਫ਼ੀ ਵਿਅਸਤਤਾ ਵਾਲਾ ਸਮਾਂ ਸੀ, ਜਿਵੇਂ ਕਿ ਗਿਆਨੀ ਜਸਵੰਤ ਸਿਘ ਸਮੇਤ ਭਾਈਚਾਰੇ ਦੇ ਮੁਖੀਆਂ ਨੇ ਉਨ੍ਹਾਂ ਦੇ ਆਰਾਮ ਦੇ ਲਈ ਕਈ ਪ੍ਰਬੰਧ ਕੀਤੇ ਹਨ। ਸਾਡੇ ਕੋਲ ਇਕ ਡਾਕਟਰ ਹੈ ਜਿਸਨੇ ਕਿਹਾ ਹੈ ਕਿ ਜੇ ਉਨ੍ਹਾਂ ਨੂੰ ਉਸਦੀ ਜ਼ਰੂਰਤ ਪਈ ਤਾਂ ਉਹ ਘਰ ਆ ਕੇ ਦੇਖ ਸਕੇਗਾ; ਇਕ ਡਰਾਈਵਿੰਗ ਇੰਸਟਰੱਕਟਰ ਹੈ ਜਿਸਨੇ ਕਿਹਾ ਹੈ ਕਿ ਉਹ ਓਨ੍ਹਾਂ ਨੂੰ ਮੁਫ਼ਤ ਵਿਚ ਡਰਾਈਵਿੰਗ ਸਿਖਾ ਦੇਵੇਗਾ; ਹਰ ਰੋਜ਼ ਉਨ੍ਹਾਂ ਨੂੰ ਸਿੱਖ ਘਰਾਂ ਤੋਂ ਭੋਜਨਾਂ ਦੇ ਲਈ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਪੇਸ਼ਕਸ਼ ਕੀਤੀ ਜਾ ਰਹੀ ਮਦਦ ਦੀ ਸੂਚੀ ਲੰਬੀ ਹੈ।

ਯੂਨਾਈਟਡ ਸਿੱਖਸ ਵੱਲੋਂ ਅੰਦਰੂਨੀ ਰੂਪ ਵਿਚ ਵਿਸਥਾਪਤ ਵਿਅਕਤੀਆਂ ਦੀ ਵਕਾਲਤ ਲਈ ਕੀਤੇ ਕੰਮ ਦੇ ਬਾਰੇ ਜਾਰੀ ਕੀਤੀਆਂ ਪਹਿਲਾਂ ਦੀਆਂ ਪ੍ਰੈਸ ਰੀਲੀਜ਼ਾਂ ਨੂੰ ਪੜ੍ਹਨ ਦੇ ਲਈ ਦੇਖੋ http://www.unitedsikhs.org/PressReleases/ PRSRLS-23-05-2010-00.html।

**ਜਾਰੀ ਕਰਤਾ:**
ਹਰਪ੍ਰੀਤ ਕੌਰ
ਪੀ ਆਰ ਅਤੇ ਮੀਡੀਆ ਐਸੋਸੀਏਟ
ਯੂਨਾਈਟਡ ਸਿੱਖਸ
ਯੂ ਕੇ: +44 8701993328; ਕੈਨੇਡਾ: +1 4163022234; ਯੂ ਐਸ ਏ: 1-888-243-1690
contact@unitedsikhs.org

Pro bono translation services provided by Rosetta Translation
www.rosettatranslation.com